**PUNJAB STATE TRANSMISSION CORPORATION LTD.**
**(Regd. Office: PSEB Head Office, The Mall, PATIALA-147001)**
**Corporate Identity Number: U40109PB2010SGC033814**
**(Office of the Chief Financial Officer, Cash Section, PSTCL, Patiala)**

ਵੱਲ

ਸਮੂਹ DDOs' ਅਧੀਨ
ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 1129/1171 ਮਿਤੀ: 26.10.2020

ਵਿਸ਼ਾ:- ਏਰੀਅਰ ਲੈਜਰਾਂ ਨੂੰ ਸਮੇਂ ਸਿਰ ਸਰਟੀਫਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧੀ ਮਹਿਕਮੇ ਦੀਆਂ ਪਰਚਲਤ ਹਦਾਇਤਾਂ ਅਨੁਸਾਰ ਏਰੀਅਰ ਲੈਜਰ 1 ਅਤੇ ਏਰੀਅਰ ਲੈਜਰ 2 ਦੀ ਅਦਾਇਗੀ ਦੇ ਲਈ DDO ਵੱਲੋਂ ਸਰਟੀਫਿਕੇਟ ਹਰ ਮਹੀਨੇ ਦੀ 7 ਤਾਰੀਖ ਅਤੇ 21 ਤਾਰੀਖ ਤੱਕ ਦੇਣਾ ਹੁੰਦਾ ਹੈ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਦਫਤਰਾਂ ਵੱਲੋਂ ਇਹ ਸਰਟੀਫਿਕੇਟ ਨਿਰਧਾਰਿਤ ਮਿਤੀ ਤੋਂ ਕਈ ਦਿਨਾਂ ਬਾਅਦ, ਇਸ ਦਫਤਰ ਦੇ ਕਾਫੀ ਟੈਲੀਫੋਨਿਕ ਸੰਦੇਸ਼ਾਂ ਦੇ ਬਾਅਦ ਹੀ ਦਿੱਤੇ ਜਾਂਦੇ ਹਨ। ਜਿਸ ਕਾਰਨ ਪੀ.ਐਸ.ਟੀ.ਸੀ.ਐਲ. ਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਏਰੀਅਰ ਦੀ ਅਦਾਇਗੀ ਲੇਟ ਹੋ ਜਾਂਦੀ ਹੈ ਅਤੇ ਉਹਨਾਂ ਵਿੱਚ ਇਸ ਕਾਰਨ ਰੋਸ਼ ਵੀ ਹੁੰਦਾ ਹੈ। ਇਸ ਸਬੰਧੀ ਉੱਚ ਅਧਿਕਾਰੀਆਂ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਹੋਇਆਂ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਏਰੀਅਰ ਲੈਜਰ 1 ਦੀ ਅਦਾਇਗੀ ਲਈ ਸਰਟੀਫਿਕੇਟ 7 ਤਾਰੀਖ ਨੂੰ ਅਤੇ ਏਰੀਲਰ ਲੈਜਰ-2 ਦੀ ਅਦਾਇਗੀ ਲਈ ਸਰਟੀਫਿਕੇਟ ਨਿਰਧਾਰਤ ਕੀਤੀ 21 ਤਾਰੀਖ ਨੂੰ DDO ਵੱਲੋਂ ਯਕੀਨੀ ਬਣਾਇਆ ਜਾਵੇ। ਸਰਟੀਫਿਕੇਟ ਨਾ ਦੇਣ ਦੀ ਸੂਰਤ ਵਿੱਚ 7 ਤਾਰੀਖ ਅਤੇ 21 ਤਾਰੀਖ ਤੋਂ ਅਗਲੇ ਵਰਕਿੰਗ ਡੇ ਨੂੰ ਏਰੀਅਰ ਦੀ ਅਦਾਇਗੀ, ਜਿਨ੍ਹਾਂ ਦਫਤਰਾਂ ਨੇ ਸਰਟੀਫਿਕੇਟ ਨਹੀਂ ਦਿੱਤਾ, ਉਨ੍ਹਾਂ ਦਾ ਨਾਮ ਏਰੀਅਰ ਲੈਜਰ ਵਿੱਚੋਂ ਕੱਟ ਕੇ ਕਰ ਦਿੱਤੀ ਜਾਇਆ ਕਰੇਗੀ। ਇਸ ਸਬੰਧੀ ਅਦਾਇਗੀ ਨਾ ਹੋਣ/ਲੇਟ ਹੋਣ ਦੀ ਜਿੰਮੇਵਾਰੀ ਸਬੰਧਤ ਦਫਤਰ ਦੀ ਹੋਵੇਗੀ। ਇਿਹਨਾਂ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਏ ਜਾਵੇਜੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਲੇਖਾ ਅਫਸਰ/ ਕੈਸ਼,
ਪੀ.ਐਸ.ਟੀ.ਸੀ.ਐਲ,
ਪਟਿਆਲਾ।